ਸਿਹਤ ਵਿਭਾਗ ਦੇ ਮਸਲਿਆ ਬਾਰੇ ਮਾਨਯੋਗ ਮੁੱਖ ਮੰਤਰੀ ਜੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਨ ਯੋਗ ਨੁਕਤੇ।

**ਪੰਜਾਬ ਸਿਹਤ ਸਿਸਟਮਜ ਕਾਰਪੋਰੇਸ਼ਨ ਨਾਲ ਸਬੰਧਤ**

(1) ਮੈਂਟਲ ਹਸਪਤਾਲ ਦੇ ਮੁੱਦੇ (ਸਟਾਫ ਦੀ ਤਨਖਾਹ, ਭਰਤੀ , ਸੀਨੀਅਰ ਰੈਜੀਡੈਂਸੀ ਆਦਿ)

(2) ਸਿਹਤ ਕਾਰਪੋਰੇਸ਼ਨ ਦੇ ਬਜਟ ਵਿੱਚ ਵਾਧਾ ਕਰਨ ਬਾਰੇ (ਹਸਪਤਾਲਾਂ ਵਿੱਚ ਸਕਿਓਰਟੀ, ਬਾਇਓਮੈਡੀਕਲ ਵੇਸਟ, ਇਕਯੂਪਮੈਂਟ ਦੀ ਦੇਖਭਾਲ, ਚੇਅਰਮੈਨ/ਵਾਈਸ ਚੇਅਰਮੈਨ ਦੀ ਤਨਖਾਹ ਅਤੇ ਹੋਰ ਖਰਚੇ, ਆਦਿ ਲਈ)

(3) ਕਾਰਪੋਰੇਸ਼ਨ ਵਿੱਚ ਠੇਕੇ ਤੇ ਰੱਖੇ ਕਰਮਚਾਰੀਆਂ ਦੀ ਤਨਖਾਹ ਵਿੱਚ ਵਾਧੇ ਬਾਰੇ ਵਿਚਾਰ।

**ਸਿਹਤ ਡਾਇਰੈਕਟੋਰੇਟ ਨਾਲ ਸੰਬੰਧਤ**

(4) ਸਪੈਸ਼ਲਿਸਟ ਡਾਕਟਰਾਂ ਦਾ ਵੱਖਰਾ ਕਾਡਰ ਬਣਾਉਣ ਬਾਰੇ।

(5) ਫੂਡ ਇਨਸਪੈਕਟਰਾਂ ਦੀ ਭਰਤੀ- ਹਰੇਕ ਸਬ ਡਵੀਜਨ ਵਿੱਚ ਇੱਕ ਫੂਡ ਇਨਸਪੈਕਟਰ ਲਾਉਣ ਸਬੰਧੀ- ਕੇਸ ਆਫੀਸਰ ਕਮੇਟੀ ਨੇ ਕਲੀਅਰ ਕਰ ਦਿੱਤਾ ਹੈ।ਵਿੱਤ ਵਿਭਾਗ ਕੋਲ ਗਿਆ ਹੈ, ਜਿਸ ਉਪਰੰਤ ਮੰਤਰੀ ਪ੍ਰੀਸ਼ਦ ਕੋਲ ਜਾਣਾ ਹੈ।

(6) ਲਬਾਰਟਰੀ ਟੈਕਨੀਸ਼ੀਅਨ ਅਤੇ ਰੇਡੀਓਗਰਾਫਰ ਦੀਆਂ ਖਾਲੀ ਆਸਾਮੀਆਂ ਭਰਨ ਸਬੰਧੀ।(ਆਫੀਸਰ ਕਮੇਟੀ ਨੇ ਕਲੀਅਰ ਕਰ ਦਿੱਤਾ ਹੈ, ਵਿੱਤ ਵਿਭਾਗ ਦੀ ਸਹਿਮਤੀ ਉਪਰੰਤ ਮੰਤਰੀ ਪ੍ਰੀਸ਼ਦ ਕੋਲ ਜਾਣਾ ਹੈ)

(7) ਰੈਗੂਲਰ ਪੋਸਟਾਂ ਵਿਰੁੱਧ ਕੰਟਰੈਕਟ ਦੇ ਆਧਾਰ ਤੇ ਰੱਖੇ ਕਰਮਚਾਰੀਆ ਦੀ ਮਹੀਨਾਵਾਰ ਰਕਮ ਵਿੱਚ ਵਾਧਾ ਕਰਨ ਬਾਰੇ।ਕੇਸ ਵਿੱਤ ਵਿਭਾਗ ਨੇ ਰਿਜੈਕਟ ਕਰ ਦਿੱਤਾ ਹੈ।

(8) ਹਾਊਸ ਸਰਜਨਾਂ ਨੂੰ ਮਿਲਦੀ ਮਹੀਨਾਵਾਰ ਰਕਮ ਨੂੰ ਵਧਾ ਕੇ 25,000/- ਰੁਪਏ ਕਰਨ ਬਾਰੇ।

(9) ਡਾਕਟਰਾਂ ਵੱਲੋ ਪ੍ਰਾਈਵੇਟ ਪ੍ਰੈਕਟਿਸ ਕਰਨ ਦੇ ਮਾਮਲੇ ਸਬੰਧੀ।

**ਐਨ.ਆਰ.ਐਚ.ਐਮ. ਨਾਲ ਸਬੰਧਤ**

(10) ਰੋਗੀ ਕਲਿਆਣ ਸੰਮਤੀ ਲਈ ਫੰਡ- ਕੇਸ ਵਿੱਤ ਵਿਭਾਗ ਕੋਲ ਪੈਡਿੰਗ ਹੈ।

**ਈ.ਐਸ.ਆਈ. ਨਾਲ ਸੰਬਧਤ**

(11) ਈ.ਐਸ.ਆਈ. ਵਿੰਗ ਵਿੱਚ ਡਾਕਟਰਾਂ ਅਤੇ ਪੈਰਾਮੈਡੀਕਸ ਦੀ ਕੰਟਰੈਕਟ ਆਧਾਰ ਤੇ ਭਰਤੀ- ਕੇਸ ਆਫੀਸਰ ਕਮੇਟੀ ਤੋਂ ਕਲੀਅਰ ਹੋ ਕੇ ਵਿੱਤ ਵਿਭਾਗ ਕੋਲ ਗਏ ਹਨ, ਫਿਰ ਮੰਤਰੀ ਪ੍ਰੀਸ਼ਦ ਕੋਲ ਜਾਣਾ ਹੈ।

(12) ਈ.ਐਸ.ਆਈ. ਵਿੰਗ ਵਿੱਚ ਆਯੂਰਵੈਦਿਕ ਡਿਸਪੈਂਸਰੀਆਂ ਲਈ ਸਟਾਫ ਦੀ ਭਰਤੀ।

(13) ਈ.ਐਸ.ਆਈ. ਵਿੰਗ ਵਿੱਚ ਲਾਲੜੂ ਵਿਖੇ ਡਾਇਗਨੋਸਟਿਕ ਸੈਂਟਰ ਸਥਾਪਤ ਕਰਨ ਬਾਰੇ।

**ਆਯੂਰਵੈਦਿਕ ਤੇ ਹੋਮਿਓਪੈਥਿਕ ਵਿੰਗਾਂ ਨਾਲ ਸਬੰਧਤ**

(14) ਆਯੂਰਵੈਦਿਕ ਤੇ ਹੋਮਿਓਪੈਥਿਕ ਮੈਡੀਕਲ ਅਫਸਰਾਂ ਨੂੰ ਐਨ.ਪੀ.ਏ. ਦੇਣ ਸਬੰਧੀ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸਾ ਲਾਗੂ ਕਰਨ ਬਾਰੇ।